# MISSION SAGAR: A major Milestone in India’s Engagement with IOR Countries

July 01, 2020

## ਮਿਸ਼ਨ ਸਾਗਰ: ਆਈ.ਓ.ਆਰ. ਦੇਸ਼ਾਂ ਨਾਲ ਭਾਰਤ ਦੇ ਸੰਬੰਧਾਂ ਵਿਚ ਵੱਡਾ ਮੀਲ ਪੱਥਰ

1 ਜੁਲਾਈ, 2020

1. ਹਿੰਦ ਮਹਾਂਸਾਗਰ ਖੇਤਰ ਵਿਚ 'ਮਿਸ਼ਨ ਸਾਗਰ' 'ਤੇ ਤੈਨਾਤ ਆਈ.ਐੱਨ.ਐੱਸ ਕੇਸਰੀ 55 ਦਿਨਾਂ ਵਿਚ 7,500 ਨੌਟਿਕਲ ਮੀਲ ਦਾ ਸਫ਼ਰ ਤੈਅ ਕਰ 28 ਜੂਨ, 2020 ਨੂੰ ਭਾਰਤ ਪਰਤਿਆ।

2. 10 ਮਈ, 2020 ਨੂੰ ਸ਼ੁਰੂ ਹੋਇਆ ਮਿਸ਼ਨ ਸਾਗਰ ਹਿੰਦ ਮਹਾਂਸਾਗਰ ਖੇਤਰ ਦੇ ਦੇਸ਼ਾਂ ਨੂੰ ਕੋਵਿਡ -19 ਸਬੰਧਤ ਸਹਾਇਤਾ ਪਹੁੰਚਾਣ ਲਈ ਕੀਤੀ ਗਈ ਭਾਰਤੀ ਪਹਿਲ ਸੀ। ਇਸ ਮਿਸ਼ਨ ਦੇ ਹਿੱਸੇ ਵਜੋਂ ਆਈਐਨਐਸ ਕੇਸਰੀ ਨੇ ਸਾਡੇ ਸਮੁੰਦਰੀ ਗੁਆਂਢੀਆਂ ਨੂੰ ਕੋਵਿਡ ਸੰਕਟ ਨਾਲ ਨਜਿੱਠਣ ਵਿੱਚ ਸਹਾਇਤਾ ਪਹੁੰਚਾਉਣ ਲਈ ਮਾਲਦੀਵ, ਮਾਰੀਸ਼ਸ, ਮੈਡਾਗਾਸਕਰ, ਕੋਮੋਰੋਸ ਅਤੇ ਸੇਸ਼ੇਲਸ ਦੀ ਸਫਲ ਯਾਤਰਾ ਕੀਤੀ। ਭਾਰਤ ਵੱਲੋਂ ਭੇਜੀ ਗਈ ਇਸ ਇਨਸਾਨੀ ਸਹਾਇਤਾ ਵਿੱਚ ਜ਼ਰੂਰੀ ਭੋਜਨ ਸਮੱਗਰੀ, ਦਵਾਈਆਂ, ਆਯੁਰਵੈਦਿਕ ਦਵਾਈਆਂ ਅਤੇ ਮਾਰੀਸ਼ਸ ਅਤੇ ਕੋਮੋਰੋਜ਼ ਵਿੱਚ ਮੈਡੀਕਲ ਸਹਾਇਤਾ ਟੀਮਾਂ (ਮੈਟ) ਦੀ ਤੈਨਾਤੀ ਸ਼ਾਮਲ ਸੀ।

3. ਮਿਸ਼ਨ ਸਾਗਰ ਹਿੰਦ ਮਹਾਂਸਾਗਰ ਖੇਤਰ ਦੇ ਦੇਸ਼ਾਂ ਨਾਲ ਸਾਡੇ ਸੰਬੰਧਾਂ ਵਿੱਚ ਇਕ ਵੱਡਾ ਮੀਲ ਪੱਥਰ ਹੈ, ਜੋ ਪ੍ਰਧਾਨ ਮੰਤਰੀ ਦੇ 'ਸਾਗਰ - ਖੇਤਰ ਵਿਚ ਸਾਰਿਆਂ ਲਈ ਸੁਰੱਖਿਆ ਅਤੇ ਵਿਕਾਸ' ਦੇ ਫਲਸਫੇ ਦੇ ਮੁਤਾਬਿਕ ਹੈ।

4. ਵਿਦੇਸ਼ ਮੰਤਰਾਲਾ ਮਾਲਦੀਵ ਗਣਤੰਤਰ, ਮਾਰੀਸ਼ਸ ਗਣਤੰਤਰ, ਮੈਡਾਗਾਸਕਰ ਗਣਤੰਤਰ, ਕੋਮੋਰਸ ਯੂਨੀਅਨ ਅਤੇ ਸੇਸ਼ੇਲਸ ਗਣਤੰਤਰ ਵੱਲੋਂ ਕੀਤੇ ਗਏ ਇਸ ਮਿਸ਼ਨ ਦੇ ਨਿੱਘੇ ਸਵਾਗਤ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਰਸਦੀ ਸਹਿਯੋਗ ਦੀ ਪ੍ਰਸ਼ੰਸਾ ਕਰਦਾ ਹੈ.

ਨਵੀਂ ਦਿੱਲੀ

1 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.